ਸਵਾ ਵਿਖ

ਪੰਜਾਬ ਸਰਕਾਰ ਵਲੋਂ ਮਾਨਤਾ ਪ੍ਰਾਪਤ ਸਾਰੀਆਂ
ਮੈਡੀਕਲ, ਡੈਂਟਲ, ਆਯੁਰਵੈਦਿਕ, ਹੋਮੋਪੈਥਿਕ, ਨਰਸਿੰਗ ਅਤੇ ਪੈਰਾ-ਮੈਡੀਕਲ
ਸੰਸਥਾਵਾਂ ਦੇ ਮੁੱਖੀ।

ਨੰ: 6ਐਮ.ਈ.3(3)-ਪੰ:-13/ 1223-1492
ਮਿਤੀ ਚੰਡੀਗੜ੍ਹ: 23-1-13

**ਵਿਸ਼ਾ:-** **ਸਕਾਲਰਸ਼ਿਪ ਦੀ ਅਦਾਇਗੀ ਵਿੱਦਿਅਕ ਅਦਾਰਿਆਂ ਅਤੇ ਵਿਦਿਆਰਥੀਆਂ ਨੂੰ ਓ.ਐਮ.ਐਸ. ਰਾਹੀਂ ਕਰਨ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਭਲਾਈ ਵਿਭਾਗ ਦੇ ਅੱ:ਸ:ਪੱ:ਨੰ:14932 ਦੇ ਹਵਾਲੇ ਵਿੱਚ।

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ ਵਲੋਂ ਪਹਿਲਾਂ ਹੀ ਇਹ ਫੈਸਲਾ ਕੀਤਾ ਹੋਇਆ ਹੈ ਕਿ ਐਸ.ਸੀ. ਵਿਦਿਆਰਥੀਆਂ ਤੋਂ ਦਾਖਲਾ ਫੀਸ/ਟਿਊਸ਼ਨ ਫੀਸ (ਪੰਜਾਬ ਸਰਕਾਰ ਵਲੋਂ ਨਿਰਧਾਰਿਤ ਕੀਤੀ) ਨਾ ਲਈ ਜਾਵੇ। ਇਨ੍ਹਾ ਫੀਸਾਂ ਅਤੇ ਮੈਂਟੀਨੈਂਸ ਅਲਾਉਂਸ ਦੀ ਅਦਾਇਗੀ ਵਿਦਿਆਰਥੀਆ ਨੂੰ ਕੀਤੀ ਜਾਂਦੀ ਸੀ, ਜਿਸ ਕਾਰਨ ਸੰਸਥਾਵਾਂ ਨੂੰ ਵਿਦਿਆਰਥੀਆਂ ਤੋਂ ਫੀਸਾਂ ਲੈਣ ਵਿੱਚ ਦਿੱਕਤ ਪੇਸ਼ ਆਉਂਦੀ ਸੀ।

ਹੁਣ ਭਲਾਈ ਵਿਭਾਗ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਇਨ੍ਹਾਂ ਦਾਖਲਾ ਫੀਸ/ਟਿਊਸ਼ਨ ਫੀਸਾਂ ਦੀ ਅਦਾਇਗੀ ਸਬੰਧਤ ਵਿਦਿਅਕ ਅਦਾਰਿਆਂ ਨੂੰ ਕੀਤੀ ਜਾਵੇਗੀ ਅਤੇ ਮੈਂਟੀਨੈਂਸ ਅਲਾਉਂਸ ਦੀ ਅਦਾਇਗੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਬੈਂਕ ਅਕਾਉਂਟ ਵਿੱਚ ਓ.ਐਮ.ਐਸ. ਰਾਹੀਂ ਕੀਤੀ ਜਾਵੇਗੀ। ਇਸ ਲਈ ਸਾਰੀਆਂ ਸਬੰਧਤ ਵਿਦਿਅੱਕ ਸੰਸਥਾਵਾਂ ਸੰਸਥਾ ਦੇ ਬੈਂਕ ਅਕਾਉਂਟ ਸਮੇਤ ਆਈ.ਐਫ.ਐਸ. ਕੋਡ ਅਤੇ ਬੈਂਕ ਅਕਾਉਂਟ ਦੀ ਕਾਪੀ ਦੇ ਨੰਬਰ ਵਾਲੇ ਪੇਜ ਦੀ ਫੋਟੋ ਕਾਪੀ ਦੇ 7 ਦਿਨ ਦੇ ਅੰਦਰ ਅੰਦਰ ਇਸ ਦਫਤਰ ਵਿਖੇ ਉਪਲਬਧ ਕਰਵਾਉਣ ਅਤੇ ਇਹ ਸਰਟੀਫਿਕੇਟ ਵੀ ਦੇਣ ਕਿ ਐਸ.ਸੀ. ਵਿਦਿਆਰਥੀਆਂ ਤੋਂ ਸੰਸਥਾ ਨੇ ਇਹ ਫੀਸਾਂ ਨਹੀਂ ਲਈਆਂ ਹਨ।

ਸਕਾਲਰਸ਼ਿਪ ਨਾਲ ਸਬੰਧਤ ਸੂਚਨਾ/ਗਾਈਡ ਲਾਈਨਾਂ/ਫਾਰਮਾਂ ਵਿੱਚ ਕਮੀਆਂ/ਪੱਤਰ ਆਦਿ ਵਿਭਾਗ ਦੀ ਵੈਬ-ਸਾਈਟ (www.punjabmedicaleducation.org) ਸਕਾਲਰਸ਼ਿਪ ਲਿੰਕ ਤੇ ਉਪਲਬਧ ਹਨ, ਇਸ ਲਈ ਵਿਭਾਗ ਦੀ ਵੈਬ-ਸਾਈਟ ਨੂੰ ਸਮੇਂ-ਸਮੇਂ ਸਿਰ ਚੈੱਕ ਕਰਨਾ ਯਕੀਨੀ ਬਣਾਇਆ ਜਾਵੇ, ਜੇਕਰ ਕੋਈ ਸੰਸਥਾ ਵਿਭਾਗ ਦੀ ਵੈਬਸਾਈਟ ਤੋਂ ਸੂਚਨਾ ਪ੍ਰਾਪਤ ਨਹੀਂ ਕਰਦੀ ਤਾਂ ਇਸ ਸਬੰਧੀ ਸੰਸਥਾ ਖੁਦ ਜਿੰਮੇਵਾਰ ਹੋਵੇਗੀ। ਸੰਸਥਾ ਆਪਣੀ ਈ-ਮੇਲ ਆਈ.ਡੀ. ਅਤੇ ਸੰਪਰਕ ਡਿਟੇਲ ਈ.ਮੇਲ ਆਈ.ਡੀ. P[redacted] ਉਤੇ ਈ-ਮੇਲ ਕਰਕੇ ਐਡ ਕਰਵਾ ਲੈਣ ਤਾਂ ਜੋ ਸੰਸਥਾਵਾਂ ਨੂੰ ਈ-ਮੇਲ ਰਾਹੀਂ ਵੀ ਸੂਚਨਾ ਭੇਜੀ ਜਾ ਸਕੇ, ਇਹ ਈਮੇਲ ਆਈ.ਡੀ. ਕੇਵਲ ਸੰਸਥਾਵਾਂ ਨੂੰ ਸੂਚਨਾ ਭੇਜਣ ਲਈ ਹੀ ਯੋਗ ਹੋਵੇਗੀ, ਸੂਚਨਾ ਪ੍ਰਾਪਤ ਕਰਨ ਲਈ ਨਹੀਂ। (DRME6ME3@GMAIL.COM)

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ

ਪਿਠ ਅੰਕਣ ਨੰ: 6ਐਮ.ਈ.3(3)-ਪੰ:-13/ 1493-94 ਮਿਤੀ ਚੰਡੀਗੜ੍ਹ: 23-1-13

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਕਾਰਵਾਈ ਅਤੇ ਉਨ੍ਹਾਂ ਨਾਲ ਸਬੰਧਤ ਸੰਸਥਾਵਾਂ ਨੂੰ ਸੂਚਿਤ ਕਰਨ ਹਿਤ ਭੇਜਿਆ ਜਾਂਦਾ ਹੈ-

1. ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ, ਫਰੀਦਕੋਟ।
2. ਰਜਿਸਟਰਾਰ, ਗੁਰੂ ਰਵੀਦਾਸ ਆਯੁਰਵੈਦਿਕ ਯੂਨੀਵਰਸਿਟੀ, ਹੁਸ਼ਿਆਰਪੁਰ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ